ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ,ਪੰਜਾਬ
ਐਸ.ਸੀ.ਓ ਨੰ:104-106,ਦੂਜੀ-ਤੀਜੀ ਮੰਜ਼ਿਲ,ਸੈਕਟਰ 34-ਏ,
ਚੰਡੀਗੜ੍ਹ

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਸਕੂਲ ਮੁੱਖੀ

ਮੀਮੋ ਨੰ. MDMC/GM/2010/2311-2351
ਮਿਤੀ 27/05/2010

ਵਿਸ਼ਾ:- ਸਕੂਲਾਂ ਵਿੱਚ ਮਿਡ-ਡੇ-ਮੀਲ ਸਕੀਮ ਦੇ ਗੈਸ ਕੁਨੈਕਸ਼ਨ ਅਤੇ ਗੈਸ ਸਿਲੰਡਰ ਭਰਵਾਉਣ ਸਬੰਧੀ।

1.0 ਮੁਖ ਦਫ਼ਤਰ ਦੇ ਪੱਤਰ ਨੰ. ਐਮ.ਡੀ.ਐਮ.ਸੀ./ ਜੀ.ਐਮ. / 2009/ 8700-8701 ਮਿਤੀ 11.11.2009, ਅਤੇ ਨੰ. ਐਮ.ਡੀ.ਐਮ.ਸੀ. /ਜੀ.ਐਮ./2009 /8700-8902 ਮਿਤੀ 26.11.2009 ਦੇ ਹਵਾਲੇ ਵਿੱਚ।

2.0 ਪੰਜਾਬ ਰਾਜ ਦੇ ਸਾਰੇ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਵਿੱਚ ਮਿਡ-ਡੇ-ਮੀਲ ਸਕੀਮ ਅੰਤਰਗਤ ਖਾਣਾ ਪਕਾਉਣ ਵਾਸਤੇ ਗੈਸ ਕੁਨੈਕਸ਼ਨ ਸਰਕਾਰ ਵੱਲੋਂ ਦਿੱਤੇ ਗਏ ਹਨ। ਇਹ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀਆਂ ਨੂੰ ਵੱਲੋਂ ਗੈਸ ਕੁਨੈਕਸ਼ਨ ਲੈਣ ਅਤੇ ਖਾਲੀ ਸਿਲੰਡਰ ਭਰਾਉਣ ਵਿੱਚ ਦਿੱਕਤਾਂ ਆ ਰਹੀਆਂ ਹਨ।

3.0 ਇਸ ਸਬੰਧ ਵਿੱਚ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਤਾਂ ਜੋ ਇਸ ਸਬੰਧ ਵਿੱਚ ਪੇਸ਼ ਆ ਰਹੀਆਂ ਔਕੜਾਂ ਦਾ ਸਮਾਧਾਨ ਕਰਵਾਹਿਆ ਜਾ ਸਕੇ।ਸ੍ਰੀ ਐਸ.ਐਮ. ਦਾਸ, ਮੈਨੇਜਰ ਐਲ.ਪੀ.ਜੀ. ਇੰਡੀਅਨ ਆਇਲ ਕਾਰਪੋਰੇਸ਼ਨ ਨੇ ਦੱਸਿਆ ਹੈ ਕਿ ਉਨ੍ਹਾਂ ਦੁਆਰਾ ਸਕੂਲਾਂ ਨੂੰ ਗੈਸ ਕੁਨੈਕਸ਼ਨ ਪਹਿਲ ਦੇ ਅਧਾਰ ਤੇ ਦਿੱਤੇ ਜਾ ਰਹੇ ਹਨ ਅਤੇ ਇਸ ਵਿੱਚ ਕੋਈ ਔਕੜ ਨਹੀਂ ਹੈ।ਗੈਸ ਦੇ ਸਿਲੰਡਰ ਪਹਿਲ ਦੇ ਅਧਾਰ ਉੱਤੇ ਬਿਨਾਂ ਲਾਇਨ ਵਿੱਚ ਲੱਗਿਆ ਭਰਨ ਸਬੰਧੀ ਉਨ੍ਹਾਂ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਜਿਸ ਦੀ ਕਾਪੀ ਆਪ ਜੀ ਨੂੰ ਉਪਰੋਕਤ ਪੱਤਰ ਰਾਹੀਂ ਭੇਜੀ ਜਾ ਚੁੱਕੀ ਹੈ। ਅਗਰ ਫਿਰ ਵੀ ਗੈਸ ਕੁਨੈਕਸ਼ਨ ਲੈਣ ਜਾਂ ਸਿਲੰਡਰ ਭਰਵਾਉਣ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਉਨ੍ਹਾਂ ਦੇ

ਮੋਬਾਇਲ ਨੰ. 94172-17963 ਉੱਪਰ ਗੱਲਬਾਤ ਕੀਤੀ ਜਾ ਸਕਦੀ ਹੈ ਜਾਂ ਇਸ ਸਬੰਧ ਵਿੱਚ ਜਨਰਲ ਮੈਨੇਜਰ ਨਾਲ ਮੋਬਾਇਲ ਨੰ. 98880-32270 ਉੱਪਰ ਸੂਚਨਾਂ ਦਿੱਤੀ ਜਾਵੇ ਤਾਂ ਜੋ ਪੇਸ਼ ਆ ਰਹੀਆਂ ਔਕੜਾਂ ਨੂੰ ਹੱਲ ਕੀਤਾ ਜਾ ਸਕੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**